35

# ਦੁਖਿਆਰੇ ਤਕ ਅੱਪੜਨਾ

## ਮਰਕੁਸ 5:1-20, ਇਕ ਨੇੜ ਝਾਤ

ਕਈ ਸਾਲ ਪਹਿਲਾਂ, ਇਕ ਟੈਲੀਫ਼ੋਨ ਕੰਪਨੀ ਨੇ ਟੈਲੀਵਿਜ਼ਨ ਤੇ ''ਰੀਚ ਆਊਟ ਐਂਡ ਟਚ ਸਮਵਨ''[1] ਸਿਰਲੇਖ ਨਾਲ ਇਕ ਬੇਹੱਦ ਪ੍ਰਭਾਵਸ਼ਾਲੀ ਮਸ਼ਹੂਰੀ ਦਿੱਤੀ ਸੀ। ਖ਼ਿਆਲ ਇਹ ਸੀ ਕਿ ਕੋਈ ਕਿਸੇ ਦੇ ਫੋਨ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਸੀ, ਕੋਈ ਜਿਸ ਨੇ ਇਸ ਕਾਲ ਤੇ ਬਹੁਤ ਹੀ ਖੁਸ਼ ਹੋਣਾ ਸੀ। ਮੇਰੇ ਫੋਨ ਬਿੱਲ ਨੂੰ ਵੇਖ ਕੇ ਤੁਸੀਂ ਦੱਸ ਸਕਦੇ ਹੋ ਕਿ ਮੇਰੇ ਘਰ ਦੇ ਲੋਕਾਂ ਦਾ ਮੰਨਣਾ ਹੈ ਕਿ ਸਾਨੂੰ *ਬਹੁਤ* ਸਾਰੇ ਲੋਕਾਂ ਤਕ ''ਪਹੁੰਚ ਕੇ ਉਨ੍ਹਾਂ ਨੂੰ ਟਚ ਕਰਨਾ'' ਚਾਹੀਦਾ ਹੈ।

ਦੂਜਿਆਂ ਤਕ ਪਹੁੰਚਣ ਦਾ ਵਿਚਾਰ ਨਵਾਂ ਨਹੀਂ ਹੈ। ਅੱਜ ਤਕ ਦਾ ਸਭ ਤੋਂ ਵੱਡਾ ''ਰੀਚਆਉਟ ਐਂਡ ਟਚ ਸਮ ਵਨ'' ਭਾਵ ''ਬਾਹਰ ਜਾਓ ਅਤੇ ਕਿਸੇ ਨੂੰ ਸਪਰਸ਼ ਕਰੋ'' ਯਿਸੂ ਮਸੀਹ ਸੀ। ਉਹ ਜਿੱਥੇ ਵੀ ਗਿਆ, ਉੱਥੇ ਉਸ ਨੇ ਬੀਮਾਰ, ਅੰਨ੍ਹੇ, ਲੰਗੜੇ ਦੁਖੀ ਅਤੇ ਪਾਪੀ ਲੋਕਾਂ ਤਕ ਪਹੁੰਚ ਬਣਾਈ ਅਤੇ ਉਨ੍ਹਾਂ ਨੂੰ ਅਜਿਹਾ ਛੁਹਿਆ ਕਿ ਉਹ ਪਹਿਲਾਂ ਵਰਗੇ ਬਿਲਕੁਲ ਨਾ ਰਹੇ।[2] ਕਲੀਸੀਆ ਵਿਚ ਸਾਨੂੰ ਯਿਸੂ ਦੇ ਮਗਰ ਚੱਲਣਾ ਜ਼ਰੂਰੀ ਹੈ (1 ਪਤਰਸ 2:21)। ਉਹ ਸਾਡਾ ਸਿਰ ਹੈ (ਅਫ਼ਸੀਆਂ 1:21, 22), ਅਤੇ ਸਾਨੂੰ ਚਾਹੀਦਾ ਹੈ ਕਿ ਉਸ ਦੇ ਹੱਥ, ਉਸ ਦੇ ਪੈਰ ਅਤੇ ਉਸ ਦੇ ਬੁੱਲ੍ਹ ਬਣੀਏ।[3] ਗ੍ਰੇਟ ਕਮਿਸ਼ਨ ਦੇ ਅਨੁਸਾਰ (ਮੱਤੀ 28:18–20), ਜੇ ਅਸੀਂ ਆਪਣੀ ਜ਼ਿੰਦਗੀ ਵਿਚ ਇੰਜੀਲ ਨੂੰ ਲੋਕਾਂ ਤਕ ਨਹੀਂ ਪਹੁੰਚਾਉਂਦੇ ਤਾਂ ਅਸੀਂ ਪ੍ਰਭੂ ਦੀ ਕਲੀਸੀਆ ਦੇ ਰੂਪ ਵਿਚ ਕੰਮ ਨਹੀਂ ਕਰ ਰਹੇ ਹਾਂ।

ਮਰਕੁਸ 5 ਅਧਿਆਇ ਯਿਸੂ ਇਕ ਆਦਮੀ ਦੇ ਕੋਲ ਭਾਵ ਅਜਿਹੇ ਆਦਮੀ ਕੋਲ ਗਿਆ, ਜੋ ਬਦਸੂਰਤ ਅਤੇ ਦੁਪਿਆਰਾ ਸੀ, ਪਹੁੰਚ ਦੇ ਉਸ ਨੂੰ ਸਪੱਸ਼ਟ ਕਰਨ ਦੀ ਕਹਾਣੀ ਦੱਸੀ ਹੈ। ਇਸ ਕਹਾਣੀ ਦੇ ਮੱਤੀ ਦੇ ਵਿਰਤਾਂਤ ਭੂਤ ਚੰਬੜੇ ਦੋ ਜਣਿਆਂ ਦੀ ਗੱਲ ਹੈ, ਜਦਕਿ ਮਰਕੁਸ ਅਤੇ ਲੂਕਾ ਸਿਰਫ਼ ਇੱਕੋ ਪ੍ਰਮੁੱਖ ਆਦਮੀ ਦੀ ਗੱਲ ਕਰਦਾ ਹੈ। ਮੈਂ ਮਰਕੁਸ ਵਾਂਗ ਦੋਹਾਂ ਵਿੱਚੋਂ ਵੱਧ ਬਦਨਾਮ ਤੇ ਧਿਆਨ ਦਿਆਂਗਾ। ਸਾਡੇ ਲਈ ਇਸ ਕਹਾਣੀ ਵਿਚ ਦੋ ਖਾਸ ਸ਼ਬਦ ਹਨ।

### ਅਸਲੀਅਤ (ਆਇਤਾਂ 1-5)

**ਅਸਲ ਦਿੱਕਤਾਂ (ਆਇਤਾਂ 1-5)।**

ਬਾਈਬਲ ਦਾ ਸਾਡਾ ਪਾਠ ਸ਼ੁਰੂ ਹੁੰਦਾ ਹੈ:

> ਓਹ ਝੀਲ ਦੇ ਪਾਰ ਗਿਰਸੇਨੀਆਂ ਦੇ ਦੇਸ ਵਿਚ ਪਹੁੰਚੇ। ਅਰ ਜਾਂ ਉਹ ਬੇੜੀ ਉੱਤੋਂ ਉਤਰਿਆ ਤਾਂ ਓਵੇਂ ਇਕ ਮਨੁੱਖ ਜਿਹ ਦੇ ਵਿਚ ਭਰਿਸ਼ਟ ਆਤਮਾ ਸੀ ਕਬਰਾਂ ਵਿੱਚੋਂ ਨਿੱਕਲ ਕੇ ਉਹ ਨੂੰ ਆ ਮਿਲਿਆ। ਉਹ ਕਬਰਾਂ ਵਿਚ ਰਹਿੰਦਾ ਸੀ ਅਤੇ ਹੁਣ ਕੋਈ ਉਹ ਨੂੰ ਸੰਗਲਾਂ ਨਾਲ ਵੀ ਜਕੜ ਨਹੀਂ ਸੀ ਸੱਕਦਾ। ਉਹ ਤਾਂ ਕਈ ਵਾਰੀ ਬੇੜੀਆਂ ਅਤੇ ਸੰਗਲਾਂ ਨਾਲ ਜਕੜਿਆ ਗਿਆ ਸੀ ਪਰ ਉਹ ਨੇ ਸੰਗਲ ਤੋੜ ਸੁੱਟੇ ਅਰ ਬੇੜੀਆਂ ਦੇ ਟੋਟੇ ਟੋਟੇ ਕਰ ਦਿੱਤੇ ਸਨ ਅਤੇ ਕੋਈ ਉਹ ਨੂੰ ਕਾਬੂ ਨਹੀਂ ਕਰ ਸੱਕਦਾ ਸੀ। ਉਹ ਰਾਤ ਦਿਨ ਨਿੱਤ ਕਬਰਾਂ ਅਤੇ ਪਹਾੜਾਂ ਵਿਚ ਚੀਕਾਂ ਮਾਰਦਾ ਅਰ ਆਪਣੇ ਆਪ ਨੂੰ ਪੱਥਰਾਂ ਨਾਲ ਵੱਢਦਾ ਹੁੰਦਾ ਸੀ (ਆਇਤਾਂ 1–5)।

ਇਸ ਦ੍ਰਿਸ਼ ਦੀ ਕਲਪਨਾ ਕਰੋ: ਲੰਮੇ, ਥਕਾ ਦੇਣ ਵਾਲੇ ਦਿਨ ਦੇ ਬੀਤ ਜਾਣ ਤੇ ਅਖ਼ੀਰ ਸ਼ਾਮ ਹੋ ਗਈ (4:35)। ਮਸੀਹ ਨੇ ਆਪਣੇ ਚੇਲਿਆਂ ਨੂੰ ਕਿਹਾ, ''ਅਸੀਂ ਪਾਰ ਚੱਲੀਏ'' (4:35) ਅਰਥਾਤ ਗਲੀਲ ਦੀ ਝੀਲ ਦੇ ਦੂਜੇ ਪਾਸੇ (ਵੇਖੋ 4:36; 5:1)। ਉਹ ਕਦੇ ਕਦੇ ਭੀੜ ਤੋਂ ਦੂਰ ਹੋਣ ਲਈ ਇਵੇਂ ਕਰਦਾ ਹੁੰਦਾ ਸੀ। ਪੈਂਡਾ ਕਰਕੇ ਥੱਕੇ ਹੋਏ ਹੋਣ ਕਰਕੇ ਯਿਸੂ ਨੂੰ ਝਪਕੀ ਆ ਗਈ (4:38)। ਸਫ਼ਰ ਦੌਰਾਨ ਇਕ ਭਿਆਨਕ ਤੂਫ਼ਾਨ ਆ ਗਿਆ, ਜਿਸ ਨੂੰ ਮਸੀਹ ਨੇ ਥੰਮ੍ਹ ਦਿੱਤਾ (4:36–41)। ਸਾਡੀ ਕਹਾਣੀ ਦੇ ਸ਼ੁਰੂ ਵਿਚ, ਪ੍ਰਭੂ ਅਤੇ ਉਸ ਦੇ ਚੇਲੇ ਝੀਲ ਦੇ ਪੂਰਬ ਤੋਂ ਪੰਜ ਛੇ ਮੀਲ ਅੱਗੇ ਨਿੱਕਲ ਕੇ ਗਿਰਾਸੇਨੀਆਂ ਦੇ ਦੇਸ਼ ਵਿਚ ਪਹੁੰਚੇ (5:1)।

ਜੇਕਰ ਯਿਸੂ ਅਰਾਮ ਕਰਨ ਲਈ ਸੰਘਣੀ ਅਬਾਦੀ ਵਾਲੇ ਇਲਾਕੇ ਵਿਚ ਚਲਿਆ ਜਾਂਦਾ, ਤਾਂ ਉਸ ਨੇ ਅਰਾਮ ਨਹੀਂ ਕਰ ਸਕਣਾ ਸੀ। ਬਾਈਬਲ ਦੱਸਦੀ ਹੈ ਕਿ ''ਜਾਂ ਉਹ ਬੇੜੀ ਉੱਤੋਂ ਉਤਰਿਆ ਤਾਂ *ਉਵੇਂ* ਇਕ ਮਨੁੱਖ ਜਿਹ ਦੇ ਵਿਚ ਭਰਿਸ਼ਟ ਆਤਮਾ ਸੀ,[4] ਕਬਰਾਂ ਵਿੱਚੋਂ ਨਿਕਲ ਕੇ ਉਸ ਨੂੰ ਆ ਮਿਲਿਆ'' (ਆਇਤ 2)। ਜੋਇ ਸ਼ੁਬਰਟ ਨੇ ਲਿਖਿਆ ਹੈ:

> ਉਹ ਝੀਲ ਦੇ ਉਸ ਪਾਸੇ ਸੀ ਜਿੱਥੇ ਗਲੀਲ ਦੀ ਝੀਲ ਨਾਲ ਘਿਰੇ ਚੂਨੇ ਦੀਆਂ ਚੱਟਾਨਾਂ ਚੋਟੀਆਂ ਵਿਚ ਬਹੁਤ ਗੁਫ਼ਾਵਾਂ ਸਨ। ਇਨ੍ਹਾਂ ਗੁਫ਼ਾਵਾਂ ਵਿਚ ਕਈ ਕਬਰਾਂ ਸਨ, ਜਿਨ੍ਹਾਂ ਵਿਚ ਬਹੁਤ ਸਾਰੀਆਂ ਲਾਸ਼ਾਂ ਪਈਆਂ ਸਨ। ਆਪਣੇ ਸਮੇਂ ਵਿਚ ਇਹ ਇਕ ਡਰਾਉਣੀ ਥਾਂ ਹੁੰਦੀ ਹੋਵੇਗੀ। ਰਾਤ ਨੂੰ[5] ਤਾਂ ਇਹ ਖ਼ੌਫ਼ਨਾਕ ਲੱਗਦੀ ਹੋਵੇਗੀ। ਉਨ੍ਹਾਂ ਕਬਰਾਂ ਵਿੱਚੋਂ ਭੂਤ ਚੰਬੜਿਆ ਉਹ ਆਦਮੀ ਆਇਆ ਸੀ . . .।[6]

ਇਹ ਆਦਮੀ ਕਬਰਾਂ ਵਿਚ ਕਿਉਂ ਰਹਿੰਦਾ ਸੀ? ਕਿਉਂਕਿ ਲੋਕਾਂ ਨੇ ਉਸ ਨੂੰ ਸਮਾਜ ਵਿੱਚੋਂ ਕੱਢ ਦਿੱਤਾ ਸੀ। ਉਸ ਇਲਾਕੇ ਦੇ ਲੋਕਾਂ ਨੇ ਉਸ ਨੂੰ ਸੰਗਲਾਂ ਅਤੇ ਬੇੜੀਆਂ ਨਾਲ ਬੰਨ੍ਹਣ ਦੀ ਵੀ ਕੋਸ਼ਿਸ਼ ਕੀਤੀ ਸੀ, ਪਰ ਕਿਸੇ ਵੀ ਤਰ੍ਹਾਂ ਦਾ ਬੰਧਨ ਉਸ ਨੂੰ ਜਕੜ ਨਾ ਸਕਿਆ। ਅਖ਼ੀਰ ਵਿਚ, ਇਸੇ ਕਾਰਨ ਉਨ੍ਹਾਂ ਨੇ ਉਸ ਨੂੰ ਬਾਹਰ ਕੱਢ ਦਿੱਤਾ ਸੀ।

1 ਤੋਂ 5 ਆਇਤਾਂ ਦੀ ਤਸਵੀਰ ਤੁਹਾਡੇ ਧਿਆਨ ਵਿਚ ਹੈ? ਯਿਸੂ ਦੇ ਬੇੜੀ ਵਿਚ ਪੈਰ ਬਾਹਰ ਰੱਖਦਿਆਂ ਹੀ, ਇਕ ਪਾਗਲ ਆ ਗਿਆ। ਉਹ ਨੰਗਾ ਅਤੇ ਗੰਦਾ ਮੰਦਾ ਸੀ। ਉਸ ਦਾ ਸਰੀਰ ਆਪੇ ਕੀਤੇ ਜਖ਼ਮਾਂ ਨਾਲ ਭਰਿਆ ਹੋਇਆ ਸੀ। ਉਸ ਦੇ ਵਾਲ ਜੜਾਵਾਂ ਬਣ ਗਏ ਸਨ; ਉਸਦੀਆਂ ਅੱਖਾਂ ਡਰਾਉਣੀਆਂ ਸਨ। *ਇਹੀ* ਉਹ ਆਦਮੀ ਸੀ, ਜਿਸ ਨੂੰ ਲੋੜ ਸੀ ਕਿ ਯਿਸੂ ਉਸ ਦੇ ਕੋਲ ਜਾਵੇ। ਇਹੀ ਉਹ ਪਰਖ ਸੀ, ਜੋ ਕਿਸੇ ਤਕ ਪਹੁੰਚਣ ਲਈ ਹੋਣੀ ਚਾਹੀਦੀ ਸੀ ਜੋ ਮਸੀਹ ਨੇ ਕੀਤੀ।

**ਖ਼ਿਆਲੀ ਬਹਾਨੇ**

ਵਿਚਾਰ ਕਰੋ ਕਿ ਮਸੀਹ ਇਸ ਲੋੜ ਤੇ ਕੀ ਪ੍ਰਤੀਕਿਰਿਆ ਦੇ ਸਕਦਾ ਸੀ।

(1) ਉਹ ਆਖ ਸਕਦਾ ਸੀ, ''ਮੈਂ ਬਹੁਤ ਥੱਕ ਗਿਆ ਹਾਂ। ਹੁਣ ਬਹੁਤ ਦੇਰ ਹੋ ਗਈ ਹੈ। ਅੱਜ ਬਹੁਤ ਕੰਮ ਸੀ!'' ਯਿਸੂ ਦਾ ਦਿਨ ਅਜਿਹਾ ਹੀ ਮਸਰੂਫ਼ ਸੀ। ਅਸੀਂ ਸਮਝ ਸਕਦੇ ਹਾਂ ਕਿ ਥਕਾਵਟ ਹੋਣ ਤੇ ਕਿਵੇਂ ਲਗਦਾ ਹੈ। ਬਹੁਤ ਸਾਰੇ ਲੋਕ ਦੂਜਿਆਂ ਨੂੰ ਆਪਣੇ ਨੇੜੇ ''ਬਣਾ ਕੇ ਰੱਖਣ'' ਦੀ ਕੋਸ਼ਿਸ਼ ਕਰਦੇ ਹਨ।[7] ਕੁਝ ਲੋਕ ਬਿੱਲ ਚੁਕਾਉਣ ਲਈ ਕਈ ਕਈ ਘੰਟੇ ਕੰਮ ਕਰਦੇ ਹਨ। ਕਈ ਪਰਿਵਾਰਾਂ ਵਿਚ, ਮਾਂ ਘਰ ਤੋਂ ਦੂਰ ਕੰਮ ਕਰਦੀ ਹੈ, ਜਿਸ ਕਾਰਨ ਪੂਰਾ ਦਿਨ ਕੰਮ ਕਰਨ ਦੇ ਬਾਅਦ ਸਾਡਾ ਸਮਾਂ ਅਤੇ ਸਾਰੀ ਊਰਜਾ ਉਸੇ ਵਿਚ ਲੱਗ ਜਾਂਦੀ ਹੈ। ਸਾਡੇ ਕੋਲ ਦੂਜਿਆਂ ਤਕ ਪਹੁੰਚਣ ਲਈ ਬਹੁਤ ਘੱਟ ਸ਼ਕਤੀ ਬਚੀ ਹੁੰਦੀ ਹੈ; ਕਲੀਸੀਆ ਦਾ ਕੰਮ ਸਾਡੀ ਮਸਰੂਫ਼ ਅਤੇ ਥਕਾ ਦੇਣ ਵਾਲੀ ਸਮੇਂ ਸਾਰਣੀ ਵਿਚ ਫਿਟ ਨਹੀਂ ਬੈਠਦਾ।

(2) ਉਹ ਕਹਿ ਸਕਦਾ ਸੀ, ''ਇਹ *ਮੇਰੀ* ਜ਼ਿੰਮੇਵਾਰੀ ਨਹੀਂ ਹੈ।'' ਇਸ ਆਦਮੀ ਦਾ ਪਰਿਵਾਰ ਇਸੇ ਇਲਾਕੇ ਵਿਚ ਰਹਿੰਦਾ ਸੀ (ਮਰਕੁਸ 5: 19; ਵੇਖੋ ਲੂਕਾ 8: 39), ਇਸ ਲਈ ਉਹ ਕਹਿ ਸਕਦਾ ਸੀ, ਇਹ *ਉਨ੍ਹਾਂ ਦੀ* ਜ਼ਿੰਮੇਵਾਰੀ ਹੈ। ਮੈਂ ਗਲੀਲ ਵਿਚ ਸਖ਼ਤ ਮਿਹਨਤ ਕਰ ਰਿਹਾ ਹਾਂ ਅਤੇ ਇੱਥੇ ਕੁਝ ਅਰਾਮ ਕਰਨ ਲਈ ਆਇਆ ਹਾਂ। ਉਸ ਦੀ ਦੇਖਭਾਲ ਲਈ ਕਿਸੇ ਹੋਰ ਨੂੰ ਕਹਿ ਦਿਓ।'' ਸਾਡੇ ਸਮਾਜ ਦੀਆਂ ਵੱਡੀਆਂ ਲੋੜਾਂ ਵਿੱਚੋਂ ਇਕ ਨਿੱਜੀ ਜ਼ਿੰਮੇਵਾਰੀ ਦੀ ਭਾਵਨਾ ਦਾ ਹੋਣਾ ਹੈ।[8] ਕਲੀਸੀਆ ਦੀਆਂ ਵੱਡੀਆਂ ਲੋੜਾਂ ਵਿਚ ਇਕ ਨਿੱਜੀ ਜ਼ਿੰਮੇਵਾਰੀ ਦੀ ਭਾਵਨਾ ਦਾ ਹੋਣਾ ਹੈ।[9]

(3) ਉਹ ਕਹਿ ਸਕਦਾ ਸੀ, ''ਤੌਬਾ ਲਈ ਇਹ ਚੰਗੀ 'ਸੰਭਾਵਨਾ' *ਨਹੀਂ* ਹੈ।'' ਮੰਨ ਲਓ ਕਿ ਅਸੀਂ ਖੁਸ਼ਖ਼ਬਰੀ ਵਿਚ ਦਿਲਚਸਪੀ ਲੈਣ ਵਾਲਿਆਂ ਲੋਕਾਂ ਨੂੰ ਲੱਭਣ ਲਈ ਆਪਣੇ ਇਲਾਕੇ ਵਿਚ ਘਰ ਘਰ ਜਾਣ ਦਾ ਫੈਸਲਾ ਕੀਤਾ। ਫਿਰ ਮੰਨ ਲਓ ਕਿ ਜਦੋਂ ਦੋ ਮਜ਼ਦੂਰ ਗਲੀ ਵਿਚ ਜਾ ਰਹੇ ਸਨ, ਤਾਂ ਮਰਕੁਸ 5 ਅਧਿਆਇ ਵਾਲੇ ਆਦਮੀ ਵਾਂਗ ਹੀ ਬਦਰੂਹ ਨਾਲ ਝਗੜਾ ਕਰਕੇ ਇਕ ਖੂੰਖਾਰ ਆਦਮੀ ਹਨੇਰੇ ਵਿਚ ਨਿੱਕਲ ਆਉਂਦਾ ਹੈ। ਮੈਂ ਤੁਹਾਨੂੰ ਯਕੀਨ ਦੁਆ ਸਕਦਾ ਹਾਂ ਕਿ ਦੋਵੇਂ ਮਜ਼ਦੂਰ ਵਾਪਸ ਆ ਕੇ ਇਹ *ਨਹੀਂ* ਦੱਸਣਗੇ ਕਿ ਉਹ ਆਦਮੀ ਸਿਖਾਉਣ ਲਈ ''ਇਕ ਚੰਗੀ ਸੰਭਾਵਨਾ'' ਹੈ! ਸਾਡੇ ਵਿੱਚੋਂ ਕਈ ਲੋਕ ਇਸ ਤਰ੍ਹਾਂ ਦੇ ਲੋਕਾਂ ਨੂੰ ਲੱਭਣਾ ਚਾਹੁੰਦੇ ਹਨ। ਸਾਡੇ ਵਿੱਚੋਂ ਕਈ ਲੋਕ ਇਸ ਤਰ੍ਹਾਂ ਦੇ ਹਨ, ਜੋ ਕਿਸੇ ਇਸ ਤਰ੍ਹਾਂ ਦੇ ਆਦਮੀ ਦੇ ਨਾਲ, ਇਸ ਆਦਮੀ ਵਾਂਗ ਪਰੇਸ਼ਾਨ ਹੋਣ, ਅਧਿਐਨ *ਨਹੀਂ* ਕਰਨਾ ਚਾਹੁੰਦੇ।

(4) ਉਹ ਕਹਿ ਸਕਦਾ ਸੀ, ''ਤੁਹਾਨੂੰ ਪਤਾ ਨਹੀਂ ਕਿ ਇਸ ਵਿਚ ਬਹੁਤ ਖ਼ਤਰੇ ਹਨ।'' ਜੇਕਰ ਮੈਂ ਉਸ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਤਾਂ ਹੋ ਸਕਦਾ ਹੈ ਕਿ ਇਸ ਨਾਲ ਕੋਈ ਲਾਭ ਨਹੀਂ ਹੋਵੇਗਾ, ਅਤੇ ਲੋਕ ਮੇਰੇ ਉੱਤੇ ਹੱਸਣਗੇ।'' ਕਿਸੇ ਦੂਜੇ ਤਕ ਪਹੁੰਚਣ ਦਾ ਇਕ ਖ਼ਤਰਾ ਇਹ ਹੈ ਕਿ ਤੁਹਾਨੂੰ ਆਪਣੇ ਹੱਥ ਉੱਤੇ ਚਪੇੜ ਵੱਜ ਸਕਦੀ ਹੈ। ਕਿ ਇਹ ਸੱਚ ਨਹੀਂ ਹੈ ਕਿ ਅਸੀਂ ਕਈ ਵਾਰ ਆਪਣੇ ਦੋਸਤਾਂ ਅਤੇ ਗੁਆਂਢੀਆਂ ਤੋਂ ਖ਼ੁਦਾ ਦੇ ਵਚਨ ਦੀ ਗੱਲ ਇਸ ਲਈ ਨਹੀਂ ਕਰ ਪਾਉਂਦੇ ਕਿਉਂਕਿ ਸਾਨੂੰ ਡਰ ਰਹਿੰਦਾ ਹੈ ਕਿ ਕਿਤੇ ਉਹ ਸਾਥੋਂ ਛੁੱਟ ਨਾ ਜਾਣ, ਸਾਡੇ ਨਾਲ ਪਿਆਰ ਕਰਨਾ ਨਾ ਛੱਡ ਦੇਣ? ਜਿਵੇਂ ਕਿ ਅਸੀਂ ਵੇਖਾਂਗੇ, ਗਿਰਾਸੇਨ ਦੇਸ਼ ਦੇ ਜ਼ਿਆਦਾਤਰ ਲੋਕਾਂ ਨੇ ਇਸ ਸਚਿਆਈ ਦੀ ਤਾਰੀਫ਼ *ਨਹੀਂ* ਕੀਤੀ ਕਿ ਮਸੀਹ ਭੂਤ ਚੰਬੜੇ ਆਦਮੀ ਤਕ ਪਹੁੰਚ ਗਿਆ ਸੀ; ਸਗੋਂ ਉਨ੍ਹਾਂ ਦੇ ਉਸ ਦੀ ਮਿੰਨਤ ਕੀਤੀ ਕਿ ਸਾਡੀ ਹੱਦੋਂ ਬਾਹਰ ਨਿਕਲ ਜਾਓ (ਮਰਕੁਸ 5: 17)।

**ਅਸਲ ਚਿੰਤਾ**

ਯਿਸੂ ਇਨ੍ਹਾਂ ਵਿੱਚੋਂ, ਜਿਨ੍ਹਾਂ ਦਾ ਮੈਂ ਉੱਤੇ ਜ਼ਿਕਰ ਕੀਤਾ ਹੈ? ਕੋਈ ਵੀ ਬਹਾਨਾ ਬਣਾ ਸਕਦਾ ਸੀ, ਪਰ ਉਸ ਨੇ ਕੋਈ ਬਹਾਨਾ ਨਹੀਂ ਬਣਾਇਆ। ਕੁਦਰਤੀ ਰੁਕਾਵਟਾਂ ਨੂੰ ਜੋ ਇਸ ਆਦਮੀ ਵਿਚ ਸੀ, ਕਾਬੂ ਵਿਚ ਕਰ ਲੈਣ ਦੀ ਯੋਗਤਾ ਉਸ ਨੂੰ ਕਿਸ ਨੇ ਦਿੱਤੀ? *ਲੋਕਾਂ ਲਈ ਉਸ ਦੀ ਫ਼ਿਕਰ* ਵਾਜਿਬ ਸੀ, ਕਿਉਂਕਿ ਉਹ ਲੋਕਾਂ ਦੀ ਪਰਵਾਹ ਕਰਦਾ ਸੀ। ਇੱਥੇ ਇਕ ਅਜਿਹਾ ਆਦਮੀ ਸੀ, ਜਿਸ ਨੂੰ ਉਸ ਦੀ ਲੋੜ ਸੀ। ਹਾਂ, ਇਹ ਬਦਸੂਰਤ ਅਤੇ ਦੁਪਿਆਰਾ ਸੀ। ਉਹਨੂੰ ਛੇਕ ਦਿੱਤਾ ਗਿਆ ਸੀ; ਉਸ ਦਾ ਜੀਵਨ ਉਸ ਦੇ ਕਾਬੂ ਵਿਚ ਨਹੀਂ ਸੀ। ਉਹ ਆਪਣੇ ਆਪ ਨੂੰ ਹੀ ਹਾਨੀ ਪਹੁੰਚਾਉਣ ਵਾਲਾ ਅਤੇ ਸ਼ਾਇਦ ਆਤਮ-ਘਾਤ ਕਰਨ ਵਾਲਾ ਵੀ ਹੋ ਸਕਦਾ ਹੈ। ਤਾਂ ਵੀ, ਉਹ ਲੋੜਵੰਦ ਆਦਮੀ ਸੀ। ਇਸ ਲਈ ਇਸ ਸਚਿਆਈ ਦੇ ਬਾਵਜੂਦ ਕਿ ਯਿਸੂ ਥੱਕਿਆ ਹੋਇਆ ਸੀ, ਇਸ ਸਚਿਆਈ ਦੇ ਬਾਵਜੂਦ ਕਿ ਇਹ ਆਦਮੀ ਦੁਪਿਆਰਾ ਸੀ, ਇਸ ਸਚਿਆਈ ਦੇ ਬਾਵਜੂਦ ਦੂਜੇ ਲੋਕ ਸ਼ਾਇਦ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਨਹੀਂ ਕਰ ਰਹੇ ਸਨ, ਮਸੀਹ ਨੇ ਖ਼ਤਰਾ ਚੁੱਕਿਆ ਅਤੇ ਉਸ ਦੇ ਕੋਲ ਗਿਆ।

# ਜਵਾਬ (ਆਇਤਾਂ 6-16)

## ਯਿਸੂ ਦੀ ਸਮਰਥ

ਅਸੀਂ ਅੱਗੇ ਪੜ੍ਹਦੇ ਹਾਂ: ''ਜਾਂ ਉਸ *[ਭੂਤ ਚੰਬੜੇ ਆਦਮੀ]* ਨੇ ਯਿਸੂ ਨੂੰ ਦੂਰੋਂ ਡਿੱਠਾ ਤਾਂ ਦੌੜ ਕੇ ਆਇਆ ਅਤੇ ਉਹ ਨੂੰ ਮੱਥਾ ਟੇਕਿਆ। ਅਰ ਉੱਚੀ ਅਵਾਜ਼ ਨਾਲ ਪੁਕਾਰ ਕੇ ਬੋਲਿਆ, ਹੇ ਯਿਸੂ ਮਹਾਂ ਪਰਮੇਸ਼ੁਰ ਦੇ ਪੁੱਤਰ, ਤੇਰਾ ਮੇਰੇ ਨਾਲ ਕੀ ਕੰਮ?'' (ਆਇਤਾਂ 6, 7)। ਯਾਕੂਬ 2:19 ਜ਼ੋਰ ਦੇ ਕੇ ਆਖਦਾ ਹੈ ਕਿ ''...ਭੂਤ ਇਹੋ ਨਿਹਚਾ ਕਰਦੇ, ਅਤੇ ਕੰਬਦੇ ਹਨ।''

ਇਹ ਸ਼ਬਦ ਉਸ ਆਦਮੀ ਦੇ ਮੂੰਹੋਂ ਨਿਕੱਲੇ ਸਨ: ''ਮੈਂ ਤੈਨੂੰ ਪਰਮੇਸ਼ੁਰ ਦੀ ਸੌਂਹ ਦਿੰਦਾ ਹਾਂ, ਮੈਨੂੰ ਦੁੱਖ ਨਾ ਦਿਹ'' (ਆਇਤ 7)। ਇਹ ਗੱਲ ਅਜੀਬ ਲਗਦੀ ਹੈ, ਕਿਉਂਕਿ ਯਿਸੂ ਤਾਂ ਉਸ ਬੰਦੇ ਨੂੰ ਸਤਾਉਣ ਲਈ ਨਹੀਂ, ਬਲਕਿ ਚੰਗਾ ਕਰਨ ਲਈ ਆਇਆ ਸੀ, ਪਰ ਜ਼ਰੂਰ ਉਸ ਆਦਮੀ ਵਿੱਚੋਂ ਬਦਰੂਹਾਂ ਇਸ ਤਰ੍ਹਾਂ ਬੋਲ ਰਹੀਆਂ ਸਨ।

ਮੱਤੀ ਦੇ ਵਿਰਤਾਂਤ ਦੇ ਅਨੁਸਾਰ, ਉਨ੍ਹਾਂ ਨੇ ਪੁੱਛਿਆ, ''ਕੀ ਤੂੰ ਵੇਲਿਓਂ ਪਹਿਲਾਂ ਸਾਨੂੰ ਦੁੱਖ ਦੇਣ ਐਥੇ ਆਇਆ ਹੈਂ?'' (ਮੱਤੀ 8:29)। ਉਹ ਵਕਤ ਆ ਰਿਹਾ ਹੈ, ਜਦ ਸ਼ੈਤਾਨ ਦੀਆਂ ਫੌਜਾਂ ਦਾ ਆਪਣੇ ਸੁਆਮੀ ਦੇ ਨਾਲ ਨਿਆਂ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਹਮੇਸ਼ਾ ਲਈ ਦੁੱਖ ਝੱਲਣ ਲਈ ਅੱਗ ਦੀ ਝੀਲ ਵਿਚ ਸੁੱਟ ਦਿੱਤਾ ਜਾਵੇਗਾ (ਵੇਖੋ 2 ਪਤਰਸ 2:4; ਪ੍ਰਕਾਸ਼ ਦੀ ਪੋਥੀ 19:20; 20:10)। ਆਇਤ 8 ਦੱਸਦੀ ਹੈ ਕਿ ਆਪਣੇ ਭਵਿੱਖ ਦੀ ਬਦਰੂਹਾਂ ਨੂੰ ਫ਼ਿਕਰ ਕਿਉਂ ਸੀ: ''ਕਿਉਂਕਿ ਜੋ ਉਸ ਨੇ ਉਹ ਨੂੰ ਕਿਹਾ ਸੀ ਕਿ ਹੇ ਭ੍ਰਿਸ਼ਟ ਆਤਮਾ, ਇਸ ਆਦਮੀ ਵਿੱਚੋਂ ਨਿੱਕਲ ਜਾਹ।''

ਯਿਸੂ ਨੇ ਪੁੱਛਿਆ, ''ਤੇਰਾ ਕੀ ਨਾਉਂ ਹੈ?'' ਉਸ ਨੇ ਉਸ ਨੂੰ ਕਿਹਾ, ''ਮੇਰਾ ਨਾਉਂ ਲਸ਼ਕਰ ਹੈ: ਕਿਉਂ ਜੋ ਅਸੀਂ ਬਹੁਤੇ ਹਾਂ'' (ਆਇਤ 9)। ਲਸ਼ਕਰ ਰੋਮੀ ਰੈਜੀਮੈਂਟ ਦੇ ਤਕਰੀਬਨ ਛੇ ਹਜ਼ਾਰ ਸਿਪਾਹੀਆਂ ਦੀ ਟੁਕੜੀ ਹੁੰਦੀ ਸੀ। ਜ਼ਰੂਰੀ ਨਹੀਂ ਕਿ ਉਸ ਆਦਮੀ ਵਿਚ ਛੇ ਹਜ਼ਾਰ ਬਦਰੂਹਾਂ ਹੀ ਹੋਣ, ਪਰ ਇਸ ਸ਼ਬਦ ਤੋਂ ਸੰਕੇਤ ਮਿਲਦਾ ਹੈ ਕਿ ਉਸ ਵਿਚ ਬੇਸ਼ੁਮਾਰ ਬਦਰੂਹਾਂ ਸਨ। (ਛੇਤੀ ਹੀ, ਉਨ੍ਹਾਂ ਨੇ *ਦੋ ਹਜ਼ਾਰ ਸੂਰਾਂ ਵਿਚ ਚੱਲੇ ਜਾਣਾ ਸੀ [*ਆਇਤ 13*]*।)

ਧਿਆਨ ਦਿਓ ਕਿ ਉਸ ਆਦਮੀ ਨੇ ਪਹਿਲਾਂ ਇਕ-ਵਚਨ ''ਮੇਰਾ ਨਾਉਂ ਲਸ਼ਕਰ ਹੈ'' ਵਰਤਿਆ। ਫਿਰ ਉਸ ਨੇ ਬਹੁ-ਵਚਨ ''ਕਿਉਂਕਿ *ਅਸੀਂ ਬਹੁਤੇ* ਹਾਂ'' ਦੀ ਵਰਤੋਂ ਕੀਤੀ। ਮੈਂ ਉਸ ਆਦਮੀ ਦੀ ਉਲਝਣ ਦੀ ਕਲਪਨਾ ਵੀ ਨਹੀਂ ਕਰ ਸਕਦਾ, ਜਿਸ ਦੇ ਜਿਸਮ ਅਤੇ ਰੂਹ ਨੂੰ ਸ਼ੈਤਾਨੀ ਲਸ਼ਕਰ ਨੇ ਜਕੜਿਆ ਹੋਇਆ ਸੀ। ਉਸ ਨੇ ਪਾਗਲ ਤਾਂ ਹੋਣਾ ਹੀ ਸੀ।[10]

ਭੂਤ ਮਸੀਹ ਦੀਆ ਮਿੰਨਤਾਂ ਕਰਨ ਲੱਗੇ ਕਿ '' ਭਈ ਸਾਨੂੰ ਇਸ ਦੇਸ ਵਿੱਚੋਂ ਨਾ ਕੱਢ'' (ਆਇਤ 10)। ਲੂਕਾ ਨੇ ਲਿਖਿਆ ਹੈ ਕਿ ''ਉਨ੍ਹਾਂ ਉਸ ਦੀ ਮਿੰਨਤ ਕੀਤੀ ਭਈ ਸਾਨੂੰ ਅਥਾਹ ਕੁੰਢ ਵਿਚ ਜਾਣ ਦਾ ਹੁਕਮ ਨਾ ਕਰ''[11] (ਲੂਕਾ 8:31)। ''ਅਥਾਹ ਕੁੰਡ'' ਭੂਤਾਂ ਦਾ ਆਮ ਵਸੇਰਾ ਸੀ, ਪਰ ਉਹ ਨਹੀਂ ਚਾਹੁੰਦੇ ਸਨ ਕਿ ਪ੍ਰਭੂ ਉਨ੍ਹਾਂ ਨੂੰ ਉੱਥੇ ਜਾਣ ਲਈ ਮਜਬੂਰ ਕਰੇ, ਘੱਟੋ ਘੱਟ ਫਿਲਹਾਲ ਤਾਂ ਬਿਲਕੁਲ ਨਹੀਂ। ਉਹ ਥੋੜ੍ਹੀ ਦੇਰ ਉੱਥੇ ਹੀ ਰਹਿਣਾ ਚਾਹੁੰਦੇ ਸਨ।

ਇਉਂ ਹੋਇਆ ਕਿ ''ਉੱਥੇ ਪਹਾੜ ਦੇ ਨੇੜੇ ਸੂਰਾਂ ਦਾ ਇਕ ਵੱਡਾ ਇੱਜੜ ਚੁਗਦਾ ਸੀ'' (ਮਰਕੁਸ 5:11)। ਭੂਤਾਂ ਨੇ ਮਸੀਹ ਅੱਗੇ ਮਿੰਨਤ ਕੀਤੀ ਕਿ ''ਸਾਨੂੰ ਸੂਰਾਂ ਵਿਚ ਘੱਲ ਦਿਹ ਤਾਂ ਜੋ ਅਸੀਂ ਉਨ੍ਹਾਂ ਵਿਚ ਜਾ ਵੜੀਏ'' (ਆਇਤ 12)। ਉਨ੍ਹਾਂ ਨੇ ਇਹ ਅਜੀਬ ਬੇਨਤੀ ਕਿਉਂ ਕੀਤੀ? ਸ਼ਾਇਦ ਭੂਤ ਸਿਰਫ਼ ਜੀਉਂਦੇ ਮੇਜ਼ਬਾਨਾਂ ਵਿਚ ਹੀ ਹਨ। ਅਥਾਹ ਕੁੰਡ ਦੇ ਬਾਹਰ ਕੰਮ ਕਰ ਸਕਦੇ ਸਨ। ਮੈਨੂੰ ਪਰਵਾਨੇ ਦਾ ਧਿਆਨ ਆਉਂਦਾ ਹੈ, ਜੋ ਆਪਣੇ ਗਰਮ ਖ਼ੂਨ ਵਾਲੇ ਜਿਸਮ ਤੋਂ ਬਿਨਾ ਬਹੁਤੀ ਦੇਰ ਨਹੀਂ ਰਹਿ ਸਕਦਾ। ਅਜਿਹੀ ਦੇਹ ਤੋਂ ਵੱਖ ਕਰ ਦਿੱਤੇ ਜਾਣ ਤੇ ਉਹ ਢੁਕਵਾਂ ਇੱਜੜ ਨਾਲ ਰਲਣ

ਤਕ ਸੁਸਤ ਹੋ ਜਾਂਦੇ ਹਨ।

ਫਿਰ ਉਸ ਦੇਹ ਦੀ ਗਰਮਾਇਸ਼ ਮਿਲਣ ਤੇ ਉਹ ਫੇਰ ਪਰਵਾਨ ਹੋਣ ਦਾ ਆਪਣਾ ਤਕਲੀਫ਼ਦੇਹ ਕੰਮ ਸ਼ੁਰੂ ਕਰ ਦਿੰਦੇ ਹਨ। ਹੋ ਸਕਦਾ ਹੈ ਕਿ ਭੂਤਾਂ ਨੂੰ ਵੀ ਅਜਿਹੀ ਹੀ ਬੰਦਿਸ਼ ਹੋਵੇ। ਜੋ ਵੀ ਹੈ, ਉਨ੍ਹਾਂ ਨੇ ਸੂਰਾਂ ਵਿਚ ਜਾਣ ਦੀ ਇਜ਼ਾਜਤ ਮੰਗੀ ''ਯਿਸੂ ਨੇ ਉਨ੍ਹਾਂ ਨੂੰ ਜਾਣ ਦਿੱਤਾ'' (ਆਇਤ 13)।

ਜੇ ਭੂਤਾਂ ਦੇ ਲਸ਼ਕਰ ਨੇ ਆਪਣੀ ਸ਼ੈਤਾਨੀ ਹਰਕਤ ਜਾਰੀ ਰੱਖਣ ਦੀ ਇਜਾਜ਼ਤ ਮੰਗੀ ਸੀ ਤਾਂ ਉਨ੍ਹਾਂ ਨੂੰ ਨਿਰਾਸ਼ਾ ਹੋਈ ਕਿਉਂਕਿ ਨਵੇਂ ਮੇਜ਼ਬਾਨ ਵਿਚ ਵੜਦਿਆਂ ਹੀ ਉਹ ਸੂਰ ਪਾਗਲ ਹੋ ਗਏ। ''ਤਾਂ ਭ੍ਰਿਸ਼ਟ ਆਤਮੇ ਨਿੱਕਲ ਕੇ ਸੂਰਾਂ ਵਿਚ ਜਾ ਵੜੇ'' (ਆਇਤ 13)। ਕੈਸਾ ਨਜ਼ਾਰਾ ਹੋਵੇਗਾ! ਜੇ ਤੁਸੀ ਕਦੇ ਸੂਰਾਂ ਦੇ ਵਾੜੇ ਦੇ ਨੇੜੇ ਰਹੇ ਹੋਵੋ ਤਾਂ ਤੁਹਾਨੂੰ ਪਤਾ ਹੋਵੇਗਾ ਕਿ ਉਨ੍ਹਾਂ ਦੇ ਚੰਘਿਆੜਨ ਦਾ ਰੌਲਾ ਕਿਹੇ ਜਿਹਾ ਹੁੰਦਾ ਹੈ। ਇਸ ਨਾਲ ਤੁਹਾਡੇ ਲੂੰ ਕੰਡੇ ਖੜੇ ਹੋ ਸਕਦੇ ਹਨ।[12] ਦੋ ਹਜ਼ਾਰ ਸੂਰਾਂ ਦੇ ਚੰਘਿਆੜਦੇ ਚੰਘਿਆੜਦੇ ... ਪਹਾੜ ਤੇ ਲੋਟਣੀਆਂ ਪਾਉਂਦਿਆਂ ... ਪਾਣੀ ਵਿਚ ਡਿੱਗ ਜਾਣ ਦੇ ਨਜਾਰੇ ਅਤੇ ਰੌਲੇ ਦੀ ਕਲਪਨਾ ਕਰੋ।

ਇਸ ਅਜਬ ਨਜ਼ਾਰੇ ਨੂੰ ਵੇਖਣ ਵਾਲਿਆਂ ਵਿਚ ਸੂਰਾਂ ਦੇ ਚਾਰਨ ਵਾਲੇ ਸਨ ਜੋ ਨੇੜੇ ਦੇ ਸ਼ਹਿਰ ਵਾਸੀਆਂ ਲਈ ਸੂਰਾਂ ਨੂੰ ਪਾਲ ਰਹੇ ਸਨ।[13] ਛੇਤੀ ਨਾਲ ''ਉਨ੍ਹਾਂ ਦੇ ਚੁਗਾਉਣ ਵਾਲਿਆਂ ਨੇ ਨੱਠ ਕੇ ਨਗਰ ਅਤੇ ਪਿੰਡਾਂ ਵਿਚ ਖਬਰ ਪੁਚਾਈ'' (ਆਇਤ 14)।

ਉਨ੍ਹਾਂ ''ਨੇ ਉਸ ਭੂਤ ਵਾਲੇ ਦੀ ਵਾਰਤਾ ਅਤੇ ਸੂਰਾਂ ਦਾ ਹਵਾਲਾ ਉਨ੍ਹਾਂ ਨੂੰ ਦੱਸਿਆ'' (ਆਇਤ 16):

> ਤਦ ਉਨ੍ਹਾਂ ਦੇ ਚੁਗਾਉਣ ਵਾਲਿਆਂ ਨੇ ਨੱਠ ਕੇ ਨਗਰ ਅਤੇ ਪਿੰਡਾਂ ਵਿਚ ਖਬਰ ਪੁਚਾਈ ਅਰ ਲੋਕ ਇਹ ਵੇਖਣ ਨਿੱਕਲੇ ਜੋ ਕੀ ਹੋਇਆ ਹੈ। ਅਤੇ ਯਿਸੂ ਦੇ ਕੋਲ ਆਣ ਕੇ ਉਸ ਭੂਤ ਵਾਲੇ ਨੂੰ ਜਿਸ ਉੱਤੇ ਲਸ਼ਕਰ ਦਾ ਸਾਯਾ ਸੀ ਕੱਪੜੇ ਪਹਿਨੀ ਅਤੇ ਸੁਰਤ ਸਮ੍ਹਾਲੀ ਬੈਠਾ ਵੇਖਿਆ ਅਤੇ ਓਹ ਡਰ ਗਏ (ਆਇਤਾਂ 14, 15)।

ਉਨ੍ਹਾਂ ਨੇ ਵੇਖਿਆ ਕਿ ਜੋ ਆਦਮੀ ਪਹਿਲਾ ਪਾਗਲ ਸੀ, ਹੁਣ ਖਾਮੋਸ਼ ''ਬੈਠਾ ਹੈ।'' ਹੁਣ ਉਹ ਨੰਗਾ ਨਹੀਂ ਸਗੋਂ ''ਕੱਪੜੇ ਪਾਏ'' ਹੋਇਆ ਸੀ। ਹੁਣ ਉਹ ਪਾਗਲ ਨਹੀਂ ਸਗੋਂ ''ਹੋਸ਼ ਵਿਚ'' ਸੀ। ਯਿਸੂ ਇਸ ਤਰ੍ਹਾਂ ਦੇ ਆਦਮੀ ਦੇ ਕੋਲ ਪਹੁੰਚਿਆ, ਜਿਸ ਨਾਲ ਲੋਕ ਪਿਆਰ ਨਹੀਂ ਕਰਦੇ ਸਨ– ਅਤੇ ਉਸ ਦਾ ਜੀਵਨ ਪੂਰੀ ਤਰ੍ਹਾਂ ਬਦਲ ਗਿਆ।

## ਯਿਸੂ ਦੀ ਪ੍ਰੇਰਣਾ

ਯਿਸੂ ਅਜਿਹੇ ਆਦਮੀ ਕੋਲ, ਜੋ ਦੁਪਿਆਰਾ ਸੀ, ਕਿਵੇਂ ਅੱਪੜਿਆ। ਮੈਂ ਪਹਿਲਾਂ ਕਿਹਾ ਸੀ ਕਿ ਉਹ ਇਸ ਲਈ ਪਹੁੰਚਿਆ, ਕਿਉਂਕਿ ਉਹ ਲੋਕਾਂ ਨਾਲ ਪਿਆਰ ਕਰਦਾ ਸੀ, ਪਰ ਇਸ ਵਿਚ ਮੈਂ ਕੁਝ ਨਵੇਂ ਵਿਚਾਰ ਵੀ ਜੋੜਦਾ ਹਾਂ:

(1) ਉਹ ਲੋਕਾਂ ਦੀਆਂ ਲੋੜਾਂ ਦੇ ਪ੍ਰਤੀ ਸੰਵੇਦਨਸ਼ੀਲ ਸੀ। ਉਹ ਲੋਕਾਂ ਦੀ ਮਦਦ ਕਰਨ ਦੀ ਭਾਲ ਵਿਚ ਰਹਿੰਦਾ ਸੀ। ਲਗਦਾ ਨਹੀਂ ਸੀ ਕਿ ਭੂਤ ਚੰਬੜੇ ਆਦਮੀ ਨੂੰ ਲੋੜ ਹੈ, ਪਰ ਉਹ ਇਕ ਲੋੜਵੰਦ ਰੂਹ ਸੀ, ਅਤੇ ਯਿਸੂ ਨੇ ਉਸ ਦੀ ਮਦਦ ਕੀਤੀ।

(2) ਉਹ ਉੱਥੇ ਸ਼ੁਰੂ ਕਰਨ ਨੂੰ ਤਿਆਰ ਸੀ, ਜਿੱਥੇ ਉਹ ਲੋੜਵੰਦ ਆਦਮੀ ਸੀ, ਨਾ ਕਿ ਉੱਥੋਂ ਜਿੱਥੋਂ ਉਹ ਚਾਹੁੰਦਾ ਸੀ। ਉਹ ਉਸ ਜੰਗਲੀ ਆਦਮੀ ਨੂੰ ਕਹਿ ਸਕਦਾ ਸੀ, ''ਪਹਿਲਾਂ ਮੈਂ ਤੈਨੂੰ ਨਵ੍ਹਾ ਕੇ ਅਤੇ ਤੇਰੇ ਲਈ ਕੁਝ ਕੱਪੜੇ ਵੇਖਦਾ ਹਾਂ, ਫਿਰ ਅਸੀਂ ਤੇਰੀ ਭੂਤ ਚੰਬੜੇ ਹੋਣ ਦੀ ਮੁਸ਼ਕਿਲ ਦਾ

ਹੱਲ ਕਰਾਂਗੇ।'' ਇਸ ਦੇ ਉਲਟ, ਉਸ ਨੇ ਉਸ ਆਦਮੀ ਦੇ ਪਹਿਰਾਵੇ ਦੀ ਵੱਲ ਧਿਆਨ ਨਹੀਂ ਦਿੱਤਾ ਅਤੇ ਭੂਤਾਂ ਨੂੰ ਕੱਢ ਦਿੱਤਾ। ਇਸ ਦੇ ਬਾਅਦ ਬਾਈਬਲ ਆਖਦੀ ਹੈ ਕਿ ਉਸ ਆਦਮੀ ਨੇ ਕੱਪੜੇ ਪਾਏ ਹੋਏ ਸਨ। ਕਈ ਵਾਰ ਲੋਕਾਂ ਤਕ ਪਹੁੰਚਣ ਤੇ, ਸਾਡੇ ਲਈ ਸਭ ਤੋਂ ਜ਼ਰੂਰੀ ਉਨ੍ਹਾਂ ਦੀ ਜ਼ਿੰਦਗੀ ਨੂੰ ਬਦਲਣ ਅਤੇ ਫਿਰ ਉਨ੍ਹਾਂ ਨੂੰ ਪ੍ਰਭੂ ਦੀ ਇੱਛਾ ਸਮਝਾਉਣ ਵਿਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਸਾਨੂੰ ਉੱਥੋਂ ਹੀ ਸ਼ੁਰੂ ਕਰਨਾ ਚਾਹੀਦਾ ਹੈ, ਜਿੱਥੇ ਲੋਕ ਹਨ, ਨਾ ਕਿ ਉੱਥੋਂ ਜਿੱਥੋਂ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਹੋਣਾ ਚਾਹੀਦਾ ਸੀ।

(3) ਉਹ ਉਸ ਆਦਮੀ ਨਾਲ ਗੱਲ ਕਰਨ ਅਤੇ ਉਸਦੀ ਪਰੇਸ਼ਾਨੀ ਸੁਣਨ ਲਈ ਤਿਆਰ ਸੀ। ਉਸ ਨੇ ਕਈ ਹਜ਼ਾਰ ਬਦਰੂਹਾਂ ਦੀਆਂ ਗੱਲਾਂ ਵੀ ਸੁਣੀਆਂ। ਸੁਣਨ ਦੀ ਇੱਛਾ ਹੋਣ ਤੋਂ ਪਤਾ ਲਗਦਾ ਹੈ ਕਿ ਅਸੀਂ ਕਿੰਨਾਂ ਕੁ ਸਮਝਦੇ ਹਾਂ। ਅੱਜ ਸੁਣਨਾ ਤਕਰੀਬਨ ਖ਼ਤਮ ਹੋ ਚੁਕੀ ਕਲਾ ਬਣ ਗਿਆ ਹੈ, ਪਰ ਇਹ ਕਹਿਣਾ ਕਿ ''ਮੈਂ ਤੈਨੂੰ ਪਿਆਰ ਕਰਦਾ/ਕਰਦੀ ਹਾਂ'' ਸੁਣਨ ਦਾ ਵਧੀਆ ਢੰਗ ਹੈ।

(4) ਉਹ ਖ਼ੁਦਾ ਦੀ ਸ਼ਕਤੀ ਤੇ ਨਿਰਭਰ ਰਹਿਣ ਨੂੰ ਤਿਆਰ ਸੀ। ਉਸ ਆਦਮੀ ਦੀ ਜ਼ਿੰਦਗੀ ਮਨੁੱਖੀ ਮਨੋਵਿਗਿਆਨ ਨਾਲ ਨਹੀਂ, ਬਲਕਿ ਖ਼ੁਦਾਈ ਸ਼ਕਤੀ ਨਾਲ ਬਦਲੀ ਸੀ। ਮੈਨੂੰ ਅਤੇ ਤੁਹਾਨੂੰ ਯਿਸੂ ਵਾਂਗ ਮੋਅਜਜ਼ੇ ਕਰਨ ਦੀ ਸ਼ਕਤੀ ਨਹੀਂ ਮਿਲੀ ਹੈ, ਪਰ ਅੱਜ ਵੀ ਖ਼ੁਦਾ ਨੇ ਸਾਨੂੰ ਆਪਣੀ ਸ਼ਕਤੀ ਦਿੱਤੀ ਹੋਈ ਹੈ। ਸਾਡੇ ਕੋਲ ਉਸ ਦੇ ਵਚਨ ਦੀ ਸ਼ਕਤੀ ਹੈ (ਰੋਮੀਆਂ 1:16) ਅਤੇ ਖ਼ੁਦਾ ਦੀ ਸ਼ਕਤੀ ਸਾਡੀਆਂ ਜ਼ਿੰਦਗੀਆਂ ਵਿਚ ਕੰਮ ਕਰਦੀ ਹੈ (ਅਫ਼ਸੀਆਂ 3:20)। ਆਓ ਅਸੀਂ ਆਪਣੇ ਸੀਮਿਤ ਵਸੀਲਿਆਂ ਤੇ ਨਿਰਭਰ ਰਹਿਣ ਦੀ ਥਾਂ ਉਸ ਤੇ ਨਿਰਭਰ ਰਹਿਣਾ ਸਿੱਖ ਲਈਏ।

## ਨਤੀਜਾ (ਆਇਤਾਂ 15-20)

ਦੁਪਿਆਰੇ ਆਦਮੀ ਕੋਲ ਯਿਸੂ ਦੇ ਅੱਪੜਣ ਨਾਲ ਕੀ ਹੋਇਆ?

### ਇਕ ਬੰਦਾ ਬਦਲ ਗਿਆ

ਕੁਝ ਨਤੀਜੇ ਅਸੀਂ ਪਹਿਲਾਂ ਹੀ ਵੇਖ ਚੁੰਕੇ ਹਾਂ। ਉਦਾਹਰਣ ਲਈ ਇਕ ਜ਼ਿੰਦਗੀ ਪੂਰੀ ਤਰ੍ਹਾਂ ਨਾਲ ਬਦਲ ਗਈ ਸੀ। ਇਸ ਆਦਮੀ ਨੂੰ ਯਿਸੂ ਦੇ ਮਿਲਣ ਤੋਂ ਪਹਿਲਾਂ ਅਤੇ ਬਾਅਦ ਵਿਚਲੇ ਫ਼ਰਕ ਦੀ ਕਲਪਨਾ ਕਰਨਾ ਮੁਸ਼ਕਿਲ ਹੋਵੇਗਾ।

### ਲੋਕ ਅਛੂਤੇ ਰਹੇ

ਜਿਵੇਂ ਕਿ ਪਹਿਲਾਂ ਸਲਾਹ ਦਿੱਤੀ ਗਈ ਹੈ, ਕੁਝ ਲੋਕ ਇਹ ਵੇਖ ਕੇ ਖੁਸ਼ ਨਹੀਂ ਸਨ। ਇਸ ਗੱਲ ਨਾਲ ਕਿ ਇਕ ਆਦਮੀ ਬਚ ਗਿਆ ਹੈ, ਉਹ ਰੋਮਾਂਚਿਤ ਹੋਣ ਦੀ ਥਾਂ ''ਡਰ ਗਏ'' (ਆਇਤ 15)। ਜ਼ਾਹਿਰ ਤੌਰ ਤੇ ਉਹ ਇਸ ਲਈ ਡਰ ਗਏ ਸਨ, ਕਿਉਂਕਿ ਉਨ੍ਹਾਂ ਨੂੰ ਆਪਣੇ ਸੂਰਾਂ ਦੇ ਖੁੱਸ ਜਾਣ ਦਾ ਡਰ ਸੀ। ਹਰ ਇਕ ਸੰਕੇਤ ਵਿਚ ਉਨ੍ਹਾਂ ਨੂੰ ਲੋਕਾਂ ਨਾਲੋਂ ਵੱਧ ਫ਼ਿਕਰ ਸੂਰਾਂ ਦੀ ਸੀ। ਉਨ੍ਹਾਂ ਦੀ ਨਜ਼ਰ ਵਿਚ ਰੂਹਾਂ ਨਾਲੋਂ ਸੂਰਾਂ ਦੀ ਕੀਮਤ ਵੱਧ ਸੀ। ਨਿਹਚਾ ਤੇ ਸਲੂਣਾ ਮਾਸ ਹਾਵੀ ਹੋ ਗਿਆ ਸੀ।

ਲੋਕ ''ਉਸ ਦੀ ਮਿੰਨਤ ਕਰਨ ਲੱਗੇ ਜੋ ਸਾਡੀ ਹੱਦੋਂ ਬਾਹਰ ਨਿੱਕਲ ਜਾਓ'' (ਆਇਤ 17)। ਉਨ੍ਹਾਂ ਨੇ ਯਿਸੂ ਨੂੰ ਉੱਥੇ ਰੁਕਣ ਅਤੇ ਕਿਸੇ ਹੋਰ ਆਦਮੀ ਨੂੰ, ਜਿਹਨੂੰ ਭੂਤ ਚੰਬੜੇ ਹੋਣ, ਚੰਗਿਆਈ ਦੇਣ ਦੀ ਮਦਦ ਦੀ ਬੇਨਤੀ ਨਹੀਂ ਕੀਤੀ, ਬਲਕਿ ਉਨ੍ਹਾਂ ਨੇ ਉਸ ਨੂੰ ਆਖਿਆ ਕਿ ''ਸਾਡੀ ਹੱਦੋਂ ਬਾਹਰ ਨਿੱਕਲ ਜਾਓ!''

ਯਿਸੂ ਨੇ ਉਹੀ ਕੀਤਾ ਜੋ ਉਨ੍ਹਾਂ ਨੇ ਕਿਹਾ ਸੀ। ਇਸ ਤੋਂ ਦੁਖੀ ਕਰਨ ਵਾਲੀ ਬੇਨਤੀ ਉਹ ਨਹੀਂ ਕਰ ਸਕਦੇ ਸਨ, ਪਰ ਮਸੀਹ ਨੇ ਉਸੇ ਮੁਤਾਬਕ ਕੀਤਾ। ਉਹ ਉੱਥੇ ਬਿਲਕੁਲ ਨਹੀਂ ਰੁਕਿਆ, ਜਿੱਥੇ

ਲੋਕਾਂ ਨੇ ਉਸ ਨੂੰ ਪਸੰਦ ਨਹੀਂ ਕੀਤਾ ਅਤੇ ਉਸ ਨੇ ਕਦੇ ਕਿਸੇ ਉੱਤੇ ਖ਼ੁਦਾ ਦੇ ਰਾਹ ਨੂੰ ਮੜ੍ਹਿਆ ਨਹੀਂ, ਨਾ ਹੀ ਅਸੀਂ ਮੜ੍ਹ ਸਕਦੇ ਹਾਂ। ਅਸੀਂ ਕਲਾਮ ਉਨ੍ਹਾਂ ਨੂੰ ਹੀ ਦੱਸ ਸਕਦੇ ਹਾਂ, ਜੋ ਸੁਣਨ ਦੀ ਇੱਛਾ ਰੱਖਦੇ ਹੋਣ; ਫਿਰ, ਜੇ ਲੋਕ ਕਹਿਣ, ''ਨਿੱਕਲ ਜਾਓ!'' ਤਾਂ ਚਲੇ ਜਾਣਾ ਹੀ ਬਿਹਤਰ ਹੈ।

### ਇਲਾਕੇ ਨੂੰ ਸਿੱਖਿਆ ਮਿਲੀ

ਆਖ਼ਰੀ ਨਤੀਜਾ, ਜਿਸਦਾ ਜ਼ਿਕਰ ਕਰਨਾ ਜ਼ਰੂਰੀ ਹੈ: ਲੋਕਾਂ ਤਕ ਪਹੁੰਚ ਕੇ ਹੀ, ਲੋਕਾਂ ਤਕ ਪਹੁੰਚਿਆ ਜਾ ਸਕਦਾ ਹੈ। ਅੱਗੇ ਦੀ ਕਹਾਣੀ ਸੁਣੋ:

> ਅਤੇ ਜਿਉਂ ਉਹ ਬੇੜੀ ਉੱਤੇ ਚੜ੍ਹਨ ਲੱਗਾ ਤਾਂ ਉਸ ਭੂਤ ਵਾਲੇ ਨੇ ਉਸ ਦੇ ਨਾਲ ਰਹਿਣ ਲਈ ਉਸ ਦੇ ਅੱਗੇ ਬੇਨਤੀ ਕੀਤੀ। ਉਸ ਨੇ ਉਸ ਨੂੰ ਰਹਿਣ ਨਾ ਦਿੱਤਾ ਪਰ ਉਹ ਨੂੰ ਆਖਿਆ, ਆਪਣੇ ਘਰ ਆਪਦੇ ਸਾਕਾਂ ਕੋਲ ਜਾਹ ਅਤੇ ਉਨ੍ਹਾਂ ਨੂੰ ਦੱਸ ਜੋ ਪ੍ਰਭੂ ਨੇ ਤੇਰੇ ਲਈ ਕੇਡੇ ਕੰਮ ਕੀਤੇ ਹਨ ਅਤੇ ਤੇਰੇ ਉੱਤੇ ਦਯਾ ਕੀਤੀ ਤਾਂ ਉਹ ਚੱਲਿਆ ਗਿਆ ਅਤੇ ਦਿਕਾਪੁਲਿਸ ਵਿਚ ਪ੍ਰਚਾਰ ਕਰਨ ਲੱਗਾ ਜੋ ਯਿਸੂ ਨੇ ਮੇਰੇ ਲਈ ਕੇਡੇ ਕੰਮ ਕੀਤੇ ਤਾਂ ਸਾਰੇ ਲੋਕ ਹੈਰਾਨ ਹੋਏ (ਆਇਤਾਂ 18–20)।

ਯਿਸੂ *ਸਾਨੂੰ* ਵੀ ਕਹੇਗਾ ਹੈ, ''ਆਪਣੇ ਲੋਕਾਂ ਭਾਵ ਆਪਣੇ ਦੋਸਤਾਂ, ਪਰਿਵਾਰ ਅਤੇ ਗੁਆਂਢੀਆਂ ਕੋਲ ਵਾਪਸ ਜਾ ਅਤੇ ਉਨ੍ਹਾਂ ਨੂੰ ਦੱਸ ਜੋ ਪ੍ਰਭੂ ਨੇ ਤੇਰੇ ਲਈ ਕੇਡੇ ਕੰਮ ਕੀਤੇ ਹਨ ਅਤੇ ਤੇਰੇ ਉੱਤੇ ਦਯਾ ਕੀਤੀ।'' ਕੁਝ ਲੋਕ ਇਤਰਾਜ਼ ਕਰ ਸਕਦੇ ਹਨ, ਪਰ ਮੇਰਾ ਤਾਂ ਅਜਿਹਾ ਕੋਈ ਦੋਸਤ ਨਹੀਂ ਹੈ, ਜੋ ਕਲੀਸੀਆ ਦਾ ਮੈਂਬਰ ਨਾ ਹੋਵੇ।'' ਤਾਂ ਫਿਰ ਕੋਈ ਦੋਸਤ ਲੱਭੋ। ਆਪਣੇ ਗੁਆਂਢ ਵਿਚ ਕਿਸੇ ਨੂੰ ਦੋਸਤ ਬਣਾਓ। ਜਿੱਥੇ ਤੁਸੀਂ ਕੰਮ ਕਰਦੇ ਹੋ, ਉੱਥੇ ਵੀ ਲੋਕਾਂ ਨੂੰ ਦੋਸਤ ਬਣਾਓ। ਸਕੂਲ ਵਿਚ ਦੋਸਤ ਬਣਾਉ। ਤਦੇ ਤੁਸੀਂ ਉਸ ਨੂੰ ਵਚਨ ਸੁਣਾ ਸਕਦੇ ਹੋ। ਕਿਸੇ ਨੇ ਕਿਹਾ ਹੈ ਕਿ ਇੰਜੀਲ ਸੁਣਾਉਣਾ ਇਕ ਮੰਗਤੇ ਵੱਲੋਂ ਦੂਜੇ ਮੰਗਤੇ ਨੂੰ ਦੱਸਣਾ ਹੈ ਕਿ ਰੋਟੀ ਕਿੱਥੋਂ ਮਿਲ ਸਕਦੀ ਹੈ। ਬਾਈਬਲ ਐਲਾਨ ਕਰਦੀ ਹੈ ਕਿ ਇੰਜੀਲ ਦਾ ਸੁਨਾਉਣਾ ਇਕ ਦੁਖੀ ਆਦਮੀ ਵੱਲੋਂ ਕਿਸੇ ਹੋਰ ਦੁਖੀ ਆਦਮੀ ਨੂੰ ਦੱਸਣਾ ਹੈ ਕਿ ਉਨ੍ਹਾਂ ਨੂੰ ਚੈਨ ਕਿੱਥੋਂ ਮਿਲ ਸਕਦਾ ਹੈ।

## ਸਾਰ

ਚਾਰਲਸ ਹੌਜ ਕਈ ਵਾਰ ਪੁਲਪਿਟ ਵਿਚ ਅਠਾਰਾਂ ਇੰਚੀ ਫੁੱਟਾ ਲਿਆਉਂਦੇ ਹਨ। ਉਹ ਇਸ ਨੂੰ ਚੁੱਕ ਕੇ ਇਸ ਦੀ ਲੰਬਾਈ ਨਾਪਦੇ ਅਤੇ ਆਖਦੇ, ''ਕੁਝ ਮਸੀਹੀ ਲੋਕ ਸੁਰਗ ਤੋਂ ਐਨੇ ਹੀ ਦੂਰ ਹੋਣਗੇ।'' ਉਸ ਫੁੱਟੇ ਦਾ ਇਕ ਸਿਰਾ ਆਪਣੇ ਸਿਰ ਨਾਲ ਲਾ ਕੇ ਦੂਜੇ ਨੂੰ ਆਪਣੀ ਛਾਤੀ ਨਾਲ ਲਾਉਂਦੇ, ਅਤੇ ਆਖਦੇ ਹਨ, ''ਸਿਰ ਤੋਂ ਦਿਲ ਦਾ ਫ਼ਾਸਲਾ ਐਨਾ ਹੀ ਹੈ।''[14]

ਇਹ ਹੋ ਸਕਦਾ ਹੈ ਕਿ ਸਾਡੇ ਵਿੱਚੋਂ ਬਹੁਤੇ ਲੋਕ ਆਪਣੇ ਸਿਰ (ਦਿਮਾਗ਼) ਵਿਚ ਜਾਣਦੇ ਹਨ ਕਿ ਸਾਨੂੰ ਦੂਜਿਆਂ ਤਕ ਭਾਵੇਂ ਉਹ ਦੁਪਿਆਰੇ ਹੀ ਹੋਣ, ਲੋੜਾਂ ਵੇਲੇ ਉਨ੍ਹਾਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਇੰਜੀਲ ਸੁਣਾਉਣ ਲਈ ਪਹੁੰਚਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਇਹ ਵੀ ਸੰਭਵ ਹੈ ਕਿ ਇਹ ਸੰਦੇਸ਼ ਕਦੇ ਸਾਡੇ ਮਨਾਂ ਤਕ ਨਹੀਂ ਪਹੁੰਚਾ। ਸ਼ਾਇਦ ਅਸੀਂ ਕਦੇ ਦੂਜਿਆਂ ਤਕ ਪਹੁੰਚਣ ਦੀ ਕੋਸ਼ਿਸ ਲਈ ਉਕਸਾਏ ਹੀ ਨਹੀਂ ਗਏ, ਤਾਂ ਜੋ ਅਸੀਂ ਆਪਣੀ ਸਮੇਂ ਸਾਰਣੀ ਨੂੰ ਫੇਰ ਤੋਂ ਬਣਾਈਏ, ਆਪਣੇ ਡਰ ਨੂੰ ਜਾਂ ਜੋ ਵੀ ਚੀਜ਼ ਉਸ ਨੂੰ ਕਰਨ ਤੋਂ, ਕਰਨਾ ਚਾਹੀਦਾ ਹੈ, ਰੋਕਦੀ ਹੈ, ਨਿੱਕਲ ਨਹੀਂ ਪਾਉਂਦੇ। ਸਚਮੁਚ ਹੋ ਸਕਦਾ ਹੈ ਕਿ ਸਾਡੇ ਵਿਚ ਕੁਝ ਲੋਕ ''ਸੁਰਗ ਤੋਂ ਅਠਾਰਾਂ ਇੰਚ'' ਦੂਰ ਹੋਣ।[15]

ਅਖ਼ੀਰ ਵਿਚ ਮੈਂ ਇਸ ਪਾਠ ਨੂੰ ਹਰ ਸੰਭਵ ਨਿੱਜੀ ਬਣਾਉਣ ਦੀ ਕੋਸ਼ਿਸ਼ ਕਰਦਾ ਹਾਂ। ਯਿਸੂ

ਸਾਡੀ ਜ਼ਿੰਦਗੀ ਨੂੰ ਛੂਹਣਾ ਚਾਹੁੰਦਾ ਹੈ, ਪਰ ਗਿਰਾਸੇਨੀਆਂ ਵਾਂਗ ਉਹ ਸਾਡੇ ਨਾਲ ਜ਼ਬਰਦਤੀ ਨਹੀਂ ਕਰੇਗਾ। ਉਹ ਸਾਨੂੰ ਬਪਤਿਸਮਾ ਲੈਣ ਲਈ ਪਾਣੀ ਵਿਚ ਧੱਕਾ ਨਹੀਂ ਦਵੇਗਾ (ਵੇਖੋ ਮਰਕੁਸ 16: 15, 16)। ਉਹ ਤੁਹਾਡੀ ਬਾਂਹ ਮਰੋੜ ਕੇ ਤੁਹਾਥੋਂ ਇਕਰਾਰ ਕਰਵਾਉਣ ਅਤੇ ਸੁਧਰਨ ਨੂੰ ਨਹੀਂ ਆਖੇਗਾ (ਯਾਕੂਬ 5: 16)। ਤੁਹਾਨੂੰ ਹੀ ਆਪਣੀ ਜ਼ਿੰਦਗੀ ਵਿਚ ਆਗਿਆਕਾਰਤਾ ਨਾਲ ਉਸ ਦੇ ਕਦਮੀਂ ਡਿੱਗ ਕੇ ਪੁੱਛਣਾ ਪਵੇਗਾ। ਜੇ ਤੁਸੀਂ ਉਸ ਨੂੰ ਕਬੂਲ ਕਰਨਾ ਹੈ, ਤਾਂ ਹੁਣੇ ਕਰੋ।

## ਨੋਟਸ

ਮੈਂ ਕਈ ਵਾਰ ਹੋਣ ਵਾਲੇ ਇੰਜੀਲੀ ਪ੍ਰਚਾਰ ਦੇ ਮੌਕੇ ਲਈ ਕਿਸੇ ਮੰਡਲੀ ਨੂੰ ਤਿਆਰ ਕਰਨ ਲਈ ਇਸ ਪਾਠ ਨੂੰ ਵਰਤਿਆ ਹੈ। ਮੈਂ ਉਨ੍ਹਾਂ ਨੂੰ ਦੱਸਦਾ ਹਾਂ, ''ਇਸ ਮੌਕੇ ਨਾਲ ਸਾਨੂੰ ਸਭ ਨੂੰ ਦੂਜਿਆਂ ਤਕ, ਭਾਵੇਂ ਉਹ ਦੁਪਿਆਰਾ ਹੀ ਹੋਣ, ਪਹੁੰਚ ਦੇ ਮੌਕੇ ਮਿਲਣਗੇ।

ਤੁਸੀਂ ਅਠਾਰਾਂ ਇੰਚੀ ਫੁੱਟਾ, ਜੋ ਗਜ ਦਾ, ਜੋ ਕਿ ਛੱਤੀ ਇੰਚ ਹੁੰਦਾ ਹੈ, ਅੱਧਾ ਹੈ, ਲੈ ਸਕਦੇ ਹੋ। ਜੇ ਤੁਸੀਂ ਉੱਥੇ ਰਹਿੰਦੇ ਹੋ, ਜਿੱਥੇ ਮੀਟਰ ਵਿਚ ਮਿਣਿਆ ਜਾਂਦਾ ਹੈ, ਉੱਥੇ ਤੁਸੀਂ ਮੀਟਰ ਦਾ ਅੱਧਾ ਕਰ ਸਕਦੇ ਹੋ। ਬੇਸ਼ੱਕ ਅਠਾਰਾਂ ਇੰਚ ਜਿੰਨੀ ਸੋਟੀ ਵੀ ਵਰਤੀ ਜਾ ਸਕਦੀ ਹੈ ਅਤੇ ਤੁਸੀਂ ਆਖ ਸਕਦੇ ਹੋ, ''ਇਹ ਸੋਟੀ ਲਗਭਗ ਡੇਢ ਕੁ ਫੁੱਟ (ਜਾਂ ਅੱਧਾ ਮੀਟਰ) ਹੈ– ਅਤੇ ਸਾਡੇ ਵਿੱਚੋਂ ਕੁਝ ਲੋਕ ਸੁਰਗ ਤੋਂ ਐਨੇ ਹੀ ਫ਼ਾਸਲੇ ਤੇ ਹੋਣਗੇ।''

---

ਟਿੱਪਣੀਆਂ

[1]ਇਸ ਪਾਠ ਲਈ ਵਿਚਾਰ *ਸਰਮੰਜ਼ ਫ਼ਾਰ ਟੁਡੇ*, ਜਿਲਦ 2 (ਅਬਿਲੇਨ, ਟੈਕਸਸ: ਬਿਬਲੀਕਲ ਰਿਸਰਚ ਪ੍ਰੈਸ, 1981), 134–41 ਵਿਚ ਪ੍ਰੈਂਟਿਸ ਮੀਡਰ, ਜੂਨੀਅਰ ਦੇ ਇਕ ਸਰਮਨ ਤੋਂ ਲਿਆ ਗਿਆ ਹੈ। ਉਨ੍ਹਾਂ ਦੇ ਸਰਮਨ ''ਰੀਚ ਆਊਟ, ਰੀਚ ਆਊਟ ਐਂਡ ਟਚ ਸਮਵਨ'' ਦੇ ਵਿਚਾਰ ਇਸ ਪੂਰੇ ਪਾਠ ਵਿਚ ਖਿੱਲਰੇ ਹਨ। [2]ਚਾਹੋ ਤਾਂ ਤੁਸੀਂ ਉਨ੍ਹਾਂ ਲੋਕਾਂ, ਜਿਨ੍ਹਾਂ ਤਕ ਉਹ ਪਹੁੰਚਿਆ ਜਿਵੇਂ ਦਸ ਕੋੜ੍ਹਿਆਂ, ਸਾਮਰੀ ਔਰਤ, ਧਨਵਾਨ ਜਵਾਨ ਹਾਕਮ, ਜ਼ੱਕਈ, ਸਲੀਬ ਤੇ ਡਾਕੂ ਅਤੇ ਹੋਰ ਉਦਾਹਰਣਾਂ ਦੇ ਸਕਦੇ ਹੋ। [3]ਸਾਨੂੰ ਉਸ ਦੀ ਦੇਹ ਦੇ *ਅੰਗ* (ਮੈਂਬਰ) ਬਣਨਾ ਜ਼ਰੂਰੀ ਹੈ (ਰੋਮੀਆਂ 12:5)। [4]ਤੁਹਾਨੂੰ ਚਾਹੀਦਾ ਹੈ ਕਿ ਭੂਤ ਚੰਬੜੇ ਹੋਣ ਤੇ ਕੁਝ ਕਹਿਣਾ ਚਾਹੋ ਤਾਂ ਕਹੋ ਜੋ ਕਿ ਮਸੀਹ ਅਤੇ ਰਸੂਲਾਂ ਦੇ ਵਕਤ ਹੁੰਦਾ ਸੀ, ਪਰ ਅੱਜ ਨਹੀਂ। *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਇਖ਼ਤਿਆਰ ਵਾਲੇ ਵਾਂਗ'' ਪਾਠ ਵਿਚ ਇਸ ਤੇ ਚਰਚਾ ਵੇਖੋ। [5]ਪੂਰੀ ਤਰ੍ਹਾਂ ਨਾਲ ਹਨ੍ਹੇਰਾ ਨਹੀਂ ਹੋਵੇਗਾ, ਜਾਂ ਉਹ ਆਦਮੀ ''ਦੂਰੋਂ'' ਵੇਖ ਨਹੀਂ ਸਕਿਆ ਹੋਵੇਗਾ (ਮਰਕੁਸ 5:6); ਪਰ ਘੁਸਮੁਸਾ ਹੋ ਗਿਆ ਹੋਵੇਗਾ, ਜਾਂ ਚੰਦਰਮਾ ਦੀ ਰੌਸ਼ਨੀ ਬਹੁਤ ਤੇਜ ਹੋਵੇਗੀ। [6]ਜੋਇ ਸ਼ੁਬਰਟ ''ਓਵਰਕਮਿੰਗ ਫ਼ੀਅਰ'' *ਪ੍ਰੀਚਰ'ਜ਼ ਪੀਰਿਓਡੀਕਲ* (ਦਿਸੰਬਰ 1983): 27. [7]ਦੂਜਿਆਂ ਨਾਲ ''ਬਣਾ ਕੇ ਰੱਖਣਾ'' ਇਕ ਇਜ਼ਹਾਰ ਹੈ ਜਿਸ ਦਾ ਮਤਲਬ ''ਆਪਣੇ ਗੁਆਂਢ ਵਾਂਗ ਲੱਗਣ ਦੀ ਕੋਸ਼ਿਸ਼ ਕਰਨਾ'' ਹੈ। [8]ਸਮਾਜ ਦਾ ਇਕ ਆਮ ਵਿਹਾਰ ਕਿਸੇ ਮੁਸ਼ਕਿਲ ਦੇ ਹੋਣ ਤੇ ਉਸ ਮੁਸ਼ਕਿਲ ਦੀ ਨਿੱਜੀ ਜ਼ਿੰਮੇਵਾਰੀ ਲੈਣ ਦੀ ਥਾਂ ਇਹ ਸਲਾਹ ਦਿੰਦੇ ਹਨ ਕਿ ''ਇਸ ਨੂੰ ਵੇਖਣ ਲਈ ਇਕ ਹੋਰ ਸਰਕਾਰੀ ਕਾਰਜਕ੍ਰਮ ਚਲਾਇਆ ਜਾਵੇ।'' ਇਸ ਨੂੰ ਆਪਣੇ ਇਲਾਕੇ ਦੀ ਸਮਾਜਿਕ ਅਤੇ ਸਿਆਸੀ ਹਲਾਤਾਂ ਲਈ ਵਰਤੋਂ ਕਰੋ। [9]ਮੀਡਰ, 138. ਭਾਈ ਮੀਡਰ ਨੇ ਸਲਾਹ ਦਿੱਤੀ ਕਿ ਕੁਝ ਕਲੀਸੀਆਵਾਂ ''ਭਾੜੇ ਦੀ ਬੰਦੂਕ'' ਦੀ ਮਾਨਸਿਕਤਾ ਤੋਂ ਦੁਖੀ ਹਨ। ਅਮਰੀਕਾ ਦੇ ਪੁਰਾਣੇ ਪੱਛਮ ਵਿਚ, ਕਈ ਵਾਰ ਲੋਕ ਆਪਣੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ''ਬੰਦੂਕਾਂ'' (ਅਰਥਾਤ, ਬੰਦੂਕਾਂ ਵਾਲੇ ਆਦਮੀ) ਭਾੜੇ ਤੇ ਲਿਆਉਂਦੇ ਸਨ। ਕਲੀਸੀਆਵਾਂ ਤੇ ਲਾਗੂ ਕਰਨ ਤੇ ''ਭਾੜੇ ਦੀ ਬੰਦੂਕ'' ਵਾਲੀ ਮਾਨਸਿਕਤਾ, ''ਆਪਣੇ ਲਈ ਕੰਮ ਕਰਨ ਲਈ ਪ੍ਰਚਾਰਕ ਨੂੰ ਕਿਰਾਏ ਤੇ ਰੱਖਦੇ ਹਨ। ਜੇ ਉਹ ਕੰਮ ਨਹੀਂ ਕਰਦਾ ਤਾਂ ਹੋਰ ਕੰਮ ਕਰਨ

ਵਾਲਿਆਂ ਦੀ (ਅਰਥਾਤ, ਹੋਰ ਸਟਾਫ਼ ਦੀ ਭਰਤੀ) ਨੂੰ ਭਾੜੇ ਤੇ ਲੈਂਦੇ ਹਨ।'' ਜਿਵੇਂ ਕਿ ਤੁਸੀਂ ਜਾਣਦੇ ਹੋ, ਮਜ਼ਦੂਰ ਓਨਾ ਵਧੀਆ ਕੰਮ ਨਹੀਂ ਕਰ ਸਕਦਾ, ਜਿੰਨਾਂ ਆਪੇ ਕੀਤਾ ਜਾ ਸਕਦਾ ਹੈ। ਸਾਡੇ ਵਿੱਚੋਂ ਹਰ ਕਿਸੇ ਨੂੰ ਆਪਣਾ ਕੰਮ ਆਪ ਕਰਨਾ ਚਾਹੀਦਾ ਹੈ। [10]ਮਰਕੁਸ 5: 15 ਧਿਆਨ ਦਿਵਾਉਂਦਾ ਹੈ ਕਿ ਬਦਰੂਹਾਂ ਦੇ ਉਸ ਨੂੰ ਛੱਡ ਕੇ ਜਾਣ ਦੇ ਬਾਅਦ ਉਹ ਆਦਮੀ ''ਠੀਕ'' ਸੀ।

[11]ਯੂਨਾਨੀ ਵਿਚ ''ਬਹੁਤ ਡੂੰਘੇ'' ਨੂੰ ***abusson*** (ਦੂਜੇ ਸ਼ਬਦਾਂ ਵਿਚ, ''ਪਤਾਲ'') ਆਖਿਆ ਗਿਆ ਹੈ। [12]ਸੂਰਾਂ ਦਾ ਚੰਘਿਆੜਨਾ ਡਰਾਉਣੀਆਂ ਫ਼ਿਲਮਾਂ ਬਣਾਉਣ ਵਾਲਿਆਂ ਵੱਲੋਂ ਭੂਤਾਂ ਦੀਆਂ ਫ਼ਿਲਮਾਂ ਦੀਆਂ ਡਰਾਉਣੀਆਂ ਅਵਾਜ਼ਾਂ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ। [13]ਅਮਰੀਕਾ ਵਿਚ ਆਮ ਤੌਰ ਤੇ ਸੂਰ ਵਾੜਾਂ ਵਿਚ ਰੱਖ ਕੇ ਚਾਰੇ ਜਾਂਦੇ ਹਨ। ਉਹ ਬਿਨਾਂ ਵਾੜ ਦੇ ਦੇਸ਼ ਵਿਚ (ਭਾਰਤ ਵਾਂਗ– ਅਨੁਵਾਦਕ) ਸੂਰ, ਗਾਈਆਂ, ਭੇਡਾਂ ਵਾਂਗ ਇੱਧਰ ਉੱਧਰ ਨਹੀਂ ਚਾਰਦੇ ਹਨ। [14]ਬਾਈਬਲ ਵਿਚ ''ਦਿਲ'' ਜਾਂ ਮਨ ਸੀਨੇ ਵਿਚ ਮਾਸ ਟੇ ਟੁਕੜੇ ਨੂੰ ਨਹੀਂ ਕਿਹਾ ਗਿਆ, ਪਰ ਇਹ ਉਦਾਹਰਣ ਫਿਰ ਵੀ ਮੰਨਣਯੋਗ ਹੈ। [15]ਇੱਥੇ ਮੈਂ ਆਮ ਤੌਰ ਤੇ ਮੰਡਲੀ ਨੂੰ ਨਾਮ ਅਤੇ ਥਾਂ ਅਤੇ ਹਲਾਤ ਦੱਸ ਕੇ ਕੋਈ ਖਾਸ ਚੁਣੌਤੀ ਦਿੰਦਾ ਹੈ, ਜਿਸ ਨਾਲ ਉਨ੍ਹਾਂ ਨੂੰ ਦੂਜਿਆਂ ਤਕ ''ਪਹੁੰਚਣ'' ਦਾ ਮੌਕਾ ਮਿਲ ਜਾਵੇ।